# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ
# ਪੰਜਾਬ ਐਸ.ਸੀ.ਓ. 104-106, ਸੈਕਟਰ 34 ਏ, ਚੰਡੀਗੜ੍ਹ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ

ਮੀਮੋ ਨੰ. ਏ.ਐਸ.ਪੀ.ਡੀ(ਪ੍ਰੋਕਿ)/ਐਸ.ਐਸ.ਏ/2009/0584-0603
ਮਿਤੀ ਚੰਡੀਗੜ੍ਹ 04.01.2010

**ਵਿਸ਼ਾ:- ਵਸਤਾਂ ਦੀ ਖਰੀਦੋ-ਫਰੋਖ਼ਤ ਸਬੰਧੀ।**

1.0 ਉਪਰੋਕਤ ਵਿਸ਼ੇ ਤੇ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲ੍ਹਾ ਪੱਧਰ ਤੇ ਆਪ ਜੀ ਵੱਲੋਂ ਵਸਤਾਂ ਦੀ ਜੋ ਖਰੀਦੋ-ਫਰੋਖ਼ਤ ਕੀਤੀ ਜਾਂਦੀ ਹੈ ਉਸ ਵਿੱਚ ਸਰਵ ਸਿੱਖਿਆ ਅਭਿਆਨ ਅਥਾਰਟੀ ਵੱਲੋਂ ਪ੍ਰੋਕਿਓਰਮੈਂਟ ਮੈਨੂਅੱਲ ਅਨੁਸਾਰ ਆਪ ਵੱਲੋਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ। ਲਿਮੀਟਿਡ ਟੈਂਡਰ ਵਿੱਚ ਅਕਸਰ ਹੀ ਆਪ ਵੱਲੋਂ ਹੱਥੋ-ਹੱਥੀ ਕੁਟੇਸ਼ਨਾਂ ਲੈ ਲਈਆਂ ਜਾਂਦੀਆਂ ਹਨ ਪਰ ਲਿਖਤੀ ਰੂਪ ਵਿੱਚ ਕਿਤੇ ਵੀ ਆਪ ਵੱਲੋਂ ਫਰਮ ਨੂੰ ਪੱਤਰ ਰਾਹੀਂ ਸਪੈਸੀਫਿਕੇਸ਼ਨ ਅਨੁਸਾਰ ਕੁਟੈਸ਼ਨਾਂ ਨਹੀਂ ਮੰਗੀਆਂ ਜਾਂਦੀਆਂ ਅਤੇ ਨਾ ਹੀ ਆਪ ਵੱਲੋਂ ਫਰਮ ਨੂੰ ਕੋਈ ਆਰਡਰ ਦਿੱਤਾ ਜਾਂਦਾ ਹੈ। ਜੋ ਕਿ ਪ੍ਰੋਕਿਓਰਮੈਂਟ ਨਿਯਮਾਂ ਦੇ ਅਨੁਸਾਰ ਗਲ਼ਤ ਹੈ।

3.0 ਇਸ ਤੋਂ ਇਲਾਵਾ ਦਫ਼ਤਰ ਦੇ ਧਿਆਨ ਵਿੱਚ ਇਹ ਵੀ ਆਇਆ ਹੈ ਕਿ ਜ਼ਿਲ੍ਹਾ ਪੱਧਰ ਤੇ ਕੀਤੀ ਜਾਣ ਵਾਲੀ ਖਰੀਦੋ ਫਰੋਖਤ ਦੀ ਆਪ ਵੱਲੋਂ ਸਟਾਕ ਐਂਟਰੀ ਰਜਿਸਟਰ ਤੇ ਇੰਦਰਾਜ ਨਹੀਂ ਕੀਤਾ ਜਾਂਦਾ।

4.0 ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਦ ਵੀ ਆਪ ਵੱਲੋਂ ਜ਼ਿਲ੍ਹੇ ਪੱਧਰ ਤੇ ਖਰੀਦੋ-ਫਰੋਖ਼ਤ ਕੀਤੀ ਜਾਵੇ ਉਸ ਨੂੰ "Manual on Financial Management & Procurement " ਦੇ Chapter 9 ਅਤੇ ਸਰਵ ਸਿੱਖਿਆ ਅਭਿਆਨ ਦੇ ਵਿੱਤੀ ਨਿਯਮਾਂ ਅਨੁਸਾਰ ਸਮੁੱਚੀ ਕਾਰਵਾਈ ਕਰਨੀ ਬਣਦੀ ਹੈ । ਅਜਿਹਾ ਨਾ ਹੋਣ ਦੀ ਸੂਰਤ ਵਿੱਚ ਏ.ਪੀ.ਸੀ (ਫਾਈਨਾਂਸ), ਏ.ਪੀ.ਸੀ. (ਜਨਰਲ), ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਅਤੇ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਇਸ ਲਈ ਪੂਰਨ ਜ਼ਿੰਮੇਵਾਰ ਹੋਣਗੇ।

5.0 ਹੁਕਮਾਂ ਦੀ ਇੰਨ-ਬਿਨ ਪਾਲਣਾ ਕੀਤੀ ਜਾਵੇ ਜੀ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**